# ਪੜ੍ਹਾਈ ਵਿੱਚ ਆਪਣੇ ਬੱਚੇ ਦੀ ਮਦਦ ਕਰਨੀ

## ਵਾਧੂ ਭਾਸ਼ਾ ਦੇ ਤੌਰ 'ਤੇ ਅੰਗਰੇਜ਼ੀ (EAL) ਦੀ ਵਰਤੋਂ ਕਰਨ ਵਾਲੇ ਵਿਦਿਆਰਥੀਆਂ ਦੇ ਮਾਪਿਆਂ ਲਈ ਮਾਰਗਦਰਸ਼ਨ

## ਇਸ ਨੂੰ ਕਿਉਂ ਪੜ੍ਹਿਆ ਜਾਵੇ?

ਇੱਥੇ ਤੁਹਾਨੂੰ ਤੁਹਾਡੇ ਵਾਸਤੇ ਹੇਠਾਂ ਦਿੱਤੇ ਬਾਰੇ ਲਈ ਵਿਹਾਰਕ ਵਿਚਾਰ ਮਿਲ ਸਕਦੇ ਹਨ:

1. ਸਕੂਲੀ ਜ਼ਿੰਦਗੀ ਵਿੱਚ ਸ਼ਾਮਲ ਹੋਣਾ
2. ਪੜ੍ਹਾਈ ਵਿੱਚ ਆਪਣੇ ਬੱਚੇ ਦੀ ਮਦਦ ਕਰਨੀ

## 1. ਸਕੂਲੀ ਜ਼ਿੰਦਗੀ ਵਿੱਚ ਸ਼ਾਮਲ ਹੋਣਾ

ਯੂਕੇ ਵਿੱਚ ਸਕੂਲ ਚਾਹੁੰਦੇ ਹਨ ਕਿ ਮਾਪੇ ਸਕੂਲੀ ਜ਼ਿੰਦਗੀ ਵਿੱਚ ਸਰਗਰਮੀ ਨਾਲ ਸ਼ਾਮਲ ਹੋਣ ਅਤੇ ਜੇ ਤੁਸੀਂ ਅੰਗ੍ਰੇਜ਼ੀ ਵਿੱਚ ਆਤਮ-ਵਿਸ਼ਵਾਸੀ ਨਹੀਂ ਹੋ ਜਾਂ ਤੁਹਾਡੇ ਕੰਮ ਦੇ ਰੁਝੇਵੇਂ ਹਨ ਤਾਂ ਸ਼ਾਮਲ ਹੋਣ ਵਿੱਚ ਤੁਹਾਡੀ ਮਦਦ ਕਰਨਗੇ।

### ਮਦਦ ਕਰਨ ਲਈ ਇਹ ਕੁਝ ਵਿਚਾਰ ਹਨ:



- ਜੇ ਤੁਹਾਨੂੰ ਕੋਈ ਲਿਖਤ ਸਮਝਣ ਵਿੱਚ ਮੁਸ਼ਕਿਲ ਆਉਂਦੀ ਹੈ ਜਿਵੇਂ ਕਿ ਸਕੂਲ ਦੀਆਂ ਚਿੱਠੀਆਂ ਜਾਂ ਸਕੂਲ ਦੀ ਵੈੱਬਸਾਈਟ ਤਾਂ ਸਕੂਲ ਨੂੰ ਦੱਸੋ

- ਜੇ ਉਹ ਬਹੁਤ ਤੇਜ਼ ਬੋਲ ਰਹੇ ਹਨ ਜਾਂ ਅਜਿਹੇ ਸ਼ਬਦ ਵਰਤਦੇ ਹਨ ਜੋ ਤੁਸੀਂ ਨਹੀਂ ਜਾਣਦੇ ਹੋ ਤਾਂ ਸਕੂਲ ਦੇ ਸਟਾਫ਼ ਨੂੰ ਦੱਸੋ। ਇਹ ਕੁਝ ਸ਼ਿਸ਼ਟਾਚਾਰ ਵਾਲੇ ਵਾਕ ਹਨ ਜੋ ਤੁਸੀਂ ਇਸ ਦੇ ਲਈ ਵਰਤ ਸਕਦੇ ਹੋ:
  - *Could you speak more slowly, please? (ਕਿਰਪਾ ਕਰਕੇ, ਕੀ ਤੁਸੀਂ ਥੋੜ੍ਹਾ ਹੌਲੀ ਬੋਲ ਸਕਦੇ ਹੋ?)*
  - *Could you say that again? I didn't understand. (ਕੀ ਤੁਸੀਂ ਇਸ ਨੂੰ ਦੁਬਾਰਾ ਬੋਲ ਸਕਦੇ ਹੋ? ਮੈਨੂੰ ਸਮਝ ਨਹੀਂ ਆਇਆ।)*
  - *I'm sorry, but I didn't understand you. Could you please repeat that? (ਮਾਫ਼ ਕਰਨਾ, ਮੈਨੂੰ ਤੁਹਾਡੀ ਗੱਲ ਸਮਝ ਨਹੀਂ ਆਈ। ਕੀ ਤੁਸੀਂ ਕਿਰਪਾ ਕਰਕੇ ਇਸ ਨੂੰ ਦੁਹਰਾ ਸਕਦੇ ਹੋ?)*
  - *Could you please tell me what _______ means? (ਕੀ ਤੁਸੀਂ ਮੈਨੂੰ ਦੱਸ ਸਕਦੇ ਹੋ ਕਿ _______ ਦਾ ਕੀ ਮਤਲਬ ਹੈ?)*
  - *Could you repeat that word, please? I don't know what it means. (ਕਿਰਪਾ ਕਰਕੇ, ਕੀ ਤੁਸੀਂ ਉਸ ਸ਼ਬਦ ਨੂੰ ਦੁਹਰਾ ਸਕਦੇ ਹੋ? ਮੈਨੂੰ ਨਹੀਂ ਪਤਾ ਕਿ ਇਸ ਦਾ ਕੀ ਮਤਲਬ ਹੈ।)*
  - *Could you speak louder, please? I cannot hear what you said. (ਕਿਰਪਾ ਕਰਕੇ, ਕੀ ਤੁਸੀਂ ਥੋੜ੍ਹਾ ਉੱਚਾ ਬੋਲ ਸਕਦੇ ਹੋ? ਮੈਨੂੰ ਸੁਣ ਨਹੀਂ ਸਕਿਆ ਕਿ ਤੁਸੀਂ ਕੀ ਕਿਹਾ ਸੀ।)*



- ਸਕੂਲ ਨੂੰ ਦੱਸੋ ਕਿ ਕਿਹੜੀ ਚੀਜ਼ ਸਕੂਲ ਦੇ ਪੱਤਰ-ਵਿਹਾਰ ਨੂੰ ਬਿਹਤਰ ਢੰਗ ਨਾਲ ਸਮਝਣ ਵਿੱਚ ਤੁਹਾਡੀ ਸਹਾਇਤਾ ਕਰੇਗੀ, ਜਿਵੇਂ ਕਿ ਬੋਲੀਆਂ ਗਈਆਂ ਗੱਲਾਂ ਦਾ ਅਨੁਵਾਦ



- ਸਕੂਲ ਨੂੰ ਦੱਸੋ ਕਿ ਤੁਹਾਡੇ ਨਾਲ ਸੰਪਰਕ ਕਰਨ ਦਾ ਸਭ ਤੋਂ ਵਧੀਆ **ਸਮਾਂ** ਕੀ ਹੈ, ਅਤੇ ਸਭ ਤੋਂ ਸਹੀ **ਸੰਪਰਕ ਨੰਬਰ** ਕੀ ਹੈ

- ਸਕੂਲ ਨੂੰ ਦੱਸੋ ਕਿ ਕੀ ਪਰਿਵਾਰ ਵਿੱਚ ਕੋਈ ਹੋਰ ਮੈਂਬਰ ਹੈ ਜਿਸਦੀ ਅੰਗਰੇਜ਼ੀ ਵਧੀਆ ਹੈ ਅਤੇ ਜੋ ਸਕੂਲ ਨਾਲ ਗੱਲਬਾਤ ਕਰਨ ਵਿੱਚ ਮਦਦ ਕਰ ਸਕਦਾ ਹੈ

- ਸਕੂਲ ਤੋਂ ਸਕੂਲ ਬਾਰੇ ਅਤੇ ਆਪਣੇ ਬੱਚੇ ਦੀ ਪੜ੍ਹਾਈ ਬਾਰੇ ਜਾਣਕਾਰੀ ਮੰਗੋ। ਇਸ ਜਾਣਕਾਰੀ ਦਾ ਆਪਣੀ ਘਰੇਲੂ ਭਾਸ਼ਾ ਵਿੱਚ ਅਨੁਵਾਦ ਕਰਨ ਲਈ ਕਹੋ। ਤੁਹਾਨੂੰ ਇਸ ਬਾਰੇ ਪੁੱਛਣਾ ਚਾਹੀਦਾ ਹੈ:
  - ਸਕੂਲ ਦੀ ਸਮਾਂ-ਸਾਰਣੀ
  - ਤੁਹਾਡੇ ਬੱਚੇ ਦਾ ਹੋਮਵਰਕ
  - ਪ੍ਰੀਖਿਆਵਾਂ ਅਤੇ ਟੈਸਟ (ਇਹਨਾਂ ਨੂੰ ਕਈ ਵਾਰ 'ਅਸੇਸਮੈਂਟਾਂ' ਕਿਹਾ ਜਾਂਦਾ ਹੈ)
  - ਹਾਜ਼ਰੀ
  - ਪਾਠਕ੍ਰਮ ਅਤੇ ਮੁੱਖ ਪੜਾਅ
- ਦੂਸਰੇ ਮਾਪਿਆਂ ਨਾਲ ਮਾਪਿਆਂ ਦੇ ਇੱਕ ਗਰੁੱਪ ਵਿੱਚ ਸ਼ਾਮਲ ਹੋਵੋ ਜੋ ਤੁਹਾਡੇ ਵਾਲੀ ਭਾਸ਼ਾ ਬੋਲਦੇ ਹਨ। ਜੇ ਸਕੂਲ ਕੋਲ ਕੋਈ ਅਜਿਹਾ ਗਰੁੱਪ ਨਹੀਂ ਹੈ, ਤਾਂ ਉਹਨਾਂ ਨੂੰ ਇਹ ਸ਼ੁਰੂ ਕਰਨ ਲਈ ਕਹੋ।
- ਮਾਪਿਆਂ ਦੀ ਸ਼ਾਮ ਵਿੱਚ ਆਓ। ਜੇ ਤੁਸੀਂ ਆਪਣੀ ਅੰਗਰੇਜ਼ੀ ਬਾਰੇ ਚਿੰਤਤ ਹੋ, ਤਾਂ ਤੁਸੀਂ ਆਪਣੇ ਬੱਚੇ ਦੀ ਤਰੱਕੀ ਬਾਰੇ ਗੱਲ ਕਰਨ ਲਈ ਕਿਸੇ ਅਧਿਆਪਕ ਨਾਲ ਆਹਮੋ-ਸਾਹਮਣੇ ਦੀ ਮੀਟਿੰਗ ਵਾਸਤੇ ਬੇਨਤੀ ਕਰ ਸਕਦੇ ਹੋ। ਤੁਸੀਂ ਸਕੂਲ ਨੂੰ ਇਹ ਵੀ ਪੁੱਛ ਸਕਦੇ ਹੋ ਕਿ ਕੀ ਤੁਹਾਡੀ ਸਹਾਇਤਾ ਲਈ ਕੋਈ ਦੁਭਾਸ਼ੀਆ ਆ ਸਕਦਾ ਹੈ।

## 2.ਆਪਣੇ ਬੱਚੇ ਦੀ ਪੜ੍ਹਾਈ ਵਿੱਚ ਮਦਦ ਕਿਵੇਂ ਕਰਨੀ ਹੈ

ਯੂਕੇ ਵਿੱਚ ਸਕੂਲ ਉਮੀਦ ਕਰਦੇ ਹਨ ਕਿ ਬੱਚੇ ਹੋਮਵਰਕ ਕਰਨ ਅਤੇ ਮਾਪੇ ਮਦਦ ਕਰਨ ਅਤੇ ਘਰ ਵਿੱਚ ਪੜ੍ਹਾਈ ਨੂੰ ਉਤਸ਼ਾਹਿਤ ਕਰਨ।

**ਇੱਥੇ ਇਸ ਬਾਰੇ ਕੁਝ ਵਿਚਾਰ ਹਨ ਕਿ ਤੁਸੀਂ ਪੜ੍ਹਾਈ ਵਿੱਚ ਆਪਣੇ ਬੱਚੇ ਦੀ ਕਿਵੇਂ ਮਦਦ ਕਰ ਸਕਦੇ ਹੋ:**

- ਆਪਣੇ ਬੱਚੇ ਦੇ ਸਕੂਲ ਨੂੰ ਉਨ੍ਹਾਂ ਦੀ 'ਹੋਮਵਰਕ ਨੀਤੀ' ਪੁੱਛੋ ਤਾਂ ਜੋ ਤੁਹਾਨੂੰ ਪਤਾ ਹੋਵੇ ਕਿ ਸਕੂਲ ਕੀ ਉਮੀਦ ਰੱਖਦਾ ਹੈ, ਅਤੇ ਫਿਰ ਤੁਸੀਂ ਆਪਣੇ ਬੱਚੇ ਦੀ ਉਸਦੇ ਹੋਮਵਰਕ ਵਿੱਚ ਮਦਦ ਕਰ ਸਕਦੇ ਹੋ
- ਹੋਮਵਰਕ ਵਿੱਚ ਬੱਚਿਆਂ ਦੀ ਮਦਦ ਕਰਨ ਲਈ:
  - ਪ੍ਰਸ਼ਨ ਪੁੱਛੋ ਅਤੇ ਪੜ੍ਹੇ ਗਏ ਵਿਸ਼ਿਆਂ ਬਾਰੇ ਆਪਣੀ ਮੁੱਖ ਭਾਸ਼ਾ ਵਿੱਚ ਗੱਲ ਕਰੋ
  - ਆਪਣੇ ਬੱਚੇ ਨੂੰ ਸ਼ਬਦਾਂ ਦਾ ਅਨੁਵਾਦ ਕਰਨ ਲਈ ਦੁਭਾਸ਼ੀ ਸ਼ਬਦਕੋਸ਼ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕਰੋ
  - ਸ਼ਬਦਾਂ ਨੂੰ ਯਾਦ ਰੱਖਣ ਵਿੱਚ ਆਪਣੇ ਬੱਚੇ ਦੀ ਮਦਦ ਕਰਨ ਲਈ ਉਸਨੂੰ ਕੋਈ ਵੀ ਨਵੇਂ ਸ਼ਬਦ ਅੰਗਰੇਜ਼ੀ ਅਤੇ/ਜਾਂ ਉਸਦੀ ਦੀ ਪਹਿਲੀ ਭਾਸ਼ਾ ਵਿੱਚ ਲਿਖਣ ਲਈ ਉਤਸ਼ਾਹਿਤ ਕਰੋ
  - ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਜੇ ਉਸ ਨੂੰ ਕੁਝ ਸਮਝ ਨਹੀਂ ਆਉਂਦਾ ਤਾਂ ਉਹ ਆਪਣੇ ਅਧਿਆਪਕਾਂ ਨੂੰ ਪੁੱਛੇ
- ਘਰ ਵਿੱਚ ਆਪਣੇ ਬੱਚੇ ਦੇ ਨਾਲ ਮਿਲ ਕੇ ਪੜ੍ਹੋ। ਤੁਸੀਂ ਇਹ ਆਪਣੀ ਪਹਿਲੀ ਭਾਸ਼ਾ ਵਿੱਚ ਕਰ ਸਕਦੇ ਹੋ ਅਤੇ ਤਸਵੀਰਾਂ ਬਾਰੇ ਅਤੇ ਇਸ ਬਾਰੇ ਗੱਲ ਕਰ ਸਕਦੇ ਹੋ ਕਿ ਕਹਾਣੀ ਵਿੱਚ ਕੀ ਹੋ ਰਿਹਾ ਹੈ। ਵੱਡੇ ਬੱਚਿਆਂ ਨਾਲ ਤੁਸੀਂ ਉਹਨਾਂ ਨੂੰ ਪੜ੍ਹ ਕੇ ਸੁਣਾਉਣ ਲਈ ਕਹਿ ਸਕਦੇ ਹੋ ਅਤੇ ਜੇ ਉਹਨਾਂ ਨੂੰ ਸ਼ਬਦਾਂ ਦਾ ਅਰਥ ਪਤਾ ਨਹੀਂ ਹੈ ਤਾਂ ਸ਼ਬਦਾਂ ਦਾ ਅਨੁਮਾਨ ਲਗਾਉਣ ਲਈ ਕਹਿ ਸਕਦੇ ਹੋ। ਇਹਨਾਂ ਵੈੱਬਸਾਈਟਾਂ 'ਤੇ ਬਹੁਤ ਸਾਰੀਆਂ ਵੱਖ-ਵੱਖ ਭਾਸ਼ਾਵਾਂ ਵਿੱਚ ਕਹਾਣੀਆਂ ਹਨ ਅਤੇ ਉਹ ਮੁਫ਼ਤ ਹਨ: **ਦੁਨੀਆ ਦੀਆਂ ਕਹਾਣੀਆਂ** ਅਤੇ **ਸਾਖਰਤਾ ਲਈ ਇਕਜੁੱਟ** ਹੋਵੋ।
- ਆਪਣੀ ਅੰਗਰੇਜ਼ੀ ਨੂੰ ਬਿਹਤਰ ਬਣਾਉਣ ਵਿੱਚ ਸਹਾਇਤਾ ਲਈ ਕਿਸੇ ਕਲਾਸ ਵਿੱਚ ਸ਼ਾਮਲ ਹੋਵੋ। ਕੁਝ ਸਕੂਲ ਮਾਪਿਆਂ ਲਈ ਅੰਗ੍ਰੇਜ਼ੀ ਦੀਆਂ ਕਲਾਸਾਂ ਚਲਾਉਂਦੇ ਹਨ ਇਸ ਲਈ ਪੁੱਛੋ ਕਿ ਕੀ ਇਹ ਉਪਲਬਧ ਹੈ। ਤੁਹਾਨੂੰ ਆਪਣੇ ਸਥਾਨਕ ਫਰਦਰ ਐਜੂਕੇਸ਼ਨ ਕਾਲਜ ਵਿੱਚ ਵੀ ESOL ਕਲਾਸਾਂ ਮਿਲ ਸਕਦੀਆਂ ਹਨ। ਜੇ ਤੁਸੀਂ ਕਿਸੇ ਕਲਾਸ ਵਿੱਚ ਸ਼ਾਮਲ ਨਹੀਂ ਹੋ ਸਕਦੇ, ਜਾਂ ਸੁਤੰਤਰ ਤੌਰ 'ਤੇ ਪੜ੍ਹਨਾ ਚਾਹੁੰਦੇ ਹੋ, ਤਾਂ ਤੁਸੀਂ **ਬ੍ਰਿਟਿਸ਼ ਕਾਉਂਸਿਲ** ਤੋਂ ਤੁਹਾਨੂੰ ਮੁਫਤ ਅੰਗਰੇਜ਼ੀ ਪ੍ਰੈਕਟਿਸ ਮਿਲ ਸਕਦੀ ਹੈ।

The Bell Foundation
Hillscross
Red Cross Lane
Cambridge
CB2 0QU

www.bell-foundation.org.uk

**ਕਾਪੀਰਾਈਟ**

ਸਭ ਹੱਕ ਰਾਖਵੇਂ ਹਨ। ਇਸ ਪ੍ਰਕਾਸ਼ਨ ਦੇ ਕਿਸੇ ਵੀ ਹਿੱਸੇ ਨੂੰ ਕਾਪੀਰਾਈਟ ਮਾਲਕ ਦੀ ਲਿਖਤੀ ਇਜਾਜ਼ਤ ਤੋਂ ਬਿਨਾਂ ਕਿਸੇ ਵੀ ਰੂਪ ਵਿੱਚ ਦੁਬਾਰਾ ਪ੍ਰਕਾਸ਼ਿਤ ਕੀਤਾ ਜਾ ਸਕਦਾ ਹੈ (ਇਸ ਵਿੱਚ ਫ਼ੋਟੋਕਾਪੀ ਕਰਨਾ ਜਾਂ ਇਸ ਨੂੰ ਇਸ ਪ੍ਰਕਾਸ਼ਨ ਦੀ ਕਿਸੇ ਹੋਰ ਵਰਤੋਂ ਲਈ ਇਲੈਕਟ੍ਰਾਨਿਕ ਢੰਗਾਂ ਨਾਲ ਕਿਸੇ ਵੀ ਮਾਧਿਅਮ ਵਿੱਚ ਸਟੋਰ ਕਰਨਾ ਸ਼ਾਮਲ ਹੈ ਭਾਵੇਂ ਇਹ ਅਸਥਾਈ ਤੌਰ 'ਤੇ ਹੋਵੇ ਜਾਂ ਇਤਫਾਕਨ ਹੋਵੇ)। ਇਸ ਪ੍ਰਕਾਸ਼ਨ ਦੇ ਕਿਸੇ ਵੀ ਹਿੱਸੇ ਨੂੰ ਦੁਬਾਰਾ ਪ੍ਰਕਾਸ਼ਿਤ ਕਰਨ ਲਈ ਕਾਪੀਰਾਈਟ ਮਾਲਕ ਦੀ ਲਿਖਤੀ ਇਜਾਜ਼ਤ ਲਈ ਅਰਜ਼ੀਆਂ ਪ੍ਰਕਾਸ਼ਕ ਨੂੰ ਸੰਬੋਧਿਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

ਕਾਪੀਰਾਈਟ © The Bell Educational Trust Limited (The Bell Foundation ਵਜੋਂ ਕੰਮ ਕਰਦੇ ਹੋਏ)

Bell Educational Trust Limited, ਗਰੰਟੀ ਦੁਆਰਾ ਸੀਮਿਤ ਇੱਕ ਚੈਰੀਟੇਬਲ ਕੰਪਨੀ ਹੈ, ਨੰਬਰ 1048465, ਜੋ 5 ਅਪ੍ਰੈਲ 1972 ਨੂੰ ਸਥਾਪਤ ਕੀਤੀ ਗਈ ਸੀ, ਅਤੇ ਚੈਰਿਟੀ ਕਮਿਸ਼ਨ ਦੇ ਕੋਲ ਨੰਬਰ 311585 ਦੇ ਨਾਲ ਰਜਿਸਟਰਡ ਇੱਕ ਚੈਰਿਟੀ ਹੈ